Weekly

CANADA SIKH TIMES

30 November - 6 December 2025

ਕੈਨੇਡਾ ਸਿੱਖ ਟਾਈਮਜ਼

Volume 3 Issue 48

• RELIGION • CULTURE • HERITAGE • BUSINESS

ਟਾਂਡਾ ਪਿੰਡ ਦੇ ਰਣਦੀਪ ਸਿੰਘ ਨੇ ਕੈਨੇਡਾ ਵਿਚ ਨਾਮ ਕੀਤਾ ਰੌਸ਼ਨ

ਜ਼ਿਲ੍ਹਾ ਹੁਸ਼ਿਆਰਪੁਰ ਅਧੀਨ ਪੈਂਦੇ ਟਾਂਡਾ ਨਾਲ ਸਬੰਧਤ ਪਿੰਡ ਰਾਣੀ ਦੇ ਇਕ ਨੌਜਵਾਨ ਰਣਦੀਪ ਸਿੰਘ ਨੇ ਕੈਨੇਡਾ ਵਿਚ ਸਿਵਲ ਏਵੀਏਸ਼ਨ ਕਰਨ ਉਪਰੰਤ ਪਾਇਲਟ ਬਣ ਕੇ ਆਪਣੇ ਪਿੰਡ, ਜ਼ਿਲ੍ਹਾ ਹੁਸ਼ਿਆਰਪੁਰ ਅਤੇ ਪੰਜਾਬ ਦਾ ਨਾਮ ਵਿਦੇਸ਼ਾਂ ਵਿੱਚ ਰੌਸ਼ਨ ਕੀਤਾ ਹੈ। ਸਾਬਕਾ ਸਰਪੰਚ ਜਸਪਾਲ ਸਿੰਘ ਅਤੇ ਮਨਦੀਪ ਕੌਰ ਦੇ ਪੁੱਤਰ ਰਣਦੀਪ ਸਿੰਘ ਦੇ ਕੈਨੇਡਾ ਵਿੱਚ ਪਾਇਲਟ ਬਣਨ ਦੀ ਖ਼ਬਰ ਸੁਣਦਿਆਂ ਹੀ ਜਿੱਥੇ ਟਾਂਡਾ ਇਲਾਕੇ ਵਿੱਚ ਖ਼ੁਸ਼ੀ ਦੀ ਲਹਿਰ ਹੈ, ਉੱਥੇ ਹੀ ਵਿਦੇਸ਼ਾਂ ਵਿੱਚ ਵੱਸ ਰਹੇ ਪੰਜਾਬੀ ਵੀ ਹਰਦੀਪ ਸਿੰਘ ਦੀ ਇਸ ਵੱਡੀ ਉਪਲੱਬਧੀ 'ਤੇ ਮਾਣ ਮਹਿਸੂਸ ਕਰ ਰਹੇ ਹਨ। ਇਸ ਸਬੰਧੀ ਪਾਇਲਟ ਰਣਦੀਪ ਸਿੰਘ ਦੇ ਮਾਤਾ-ਪਿਤਾ ਨੇ ਦੱਸਿਆ ਕਿ ਉਨ੍ਹਾਂ ਦਾ ਹੋਣਹਾਰ ਸਪੁੱਤਰ ਖੇਡਾਂ ਵਿੱਚ ਵੀ ਵਿਸ਼ੇਸ਼ ਦਿਲਚਸਪੀ ਰੱਖਦਾ ਹੈ ਅਤੇ ਉਸ ਨੇ ਘੋੜ ਸਵਾਰੀ ਵਿੱਚ ਵੀ ਰਾਸ਼ਟਰੀ ਤਮਗਾ ਹਾਸਲ ਕਰਕੇ ਉਨਾਂ ਦਾ ਮਾਣ ਵਧਾਇਆ ਹੈ। ਅੰਤਰਰਾਸ਼ਟਰੀ ਪੱਧਰ 'ਤੇ ਪਾਇਲਟ ਬਣੇ ਹਰਦੀਪ ਸਿੰਘ ਦੀ ਇਸ ਵੱਡੀ ਉਪਲੱਬਧੀ 'ਤੇ ਉਨ੍ਹਾਂ ਦੇ ਘਰ ਰਾਣੀ ਪਿੰਡ ਵਿਖੇ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।

Gurnoor Singh Wins Gold at World Powerlifting Championship

Ludhiana's young power-lifting star Gurnoor Singh has made India shine on the global stage by winning gold at the UWSFF World Powerlifting Championship in Pattaya, Thailand. Competing in the sub-junior category, he delivered a commanding performance, outperforming some of the best young athletes from around the world. Gurnoor's journey from local gyms in Ludhiana to a world championship podium is a story of discipline, focus, and relentless hard work. His victory not only brings pride to Punjab but also highlights India's rising strength in international powerlifting. Several other Indian athletes also impressed at the event, contributing to the country's growing presence in global strength sports. Gurnoor's achievement now stands as a powerful inspiration for young athletes across India.

Report Reveals Only 37 Temples and Gurdwaras Functioning in Pakistan

A new report presented to Pakistan's Parliamentary Committee on Minority Caucus has exposed the alarming condition of minority religious sites, revealing that only 37 of the 1,817 Hindu temples and Sikh gurdwaras in the country are still operational. The findings, reported by Dawn, show decades of neglect, lack of funding, and the impact of mass migration of Hindus and Sikhs after the 1947 Partition. Committee member MNA Kesoo Mal Kheal Das said many of these historic structures have been left abandoned and are now vulnerable to encroachment and vandalism. He urged the government to restore them as national heritage and reopen them for pilgrims from India and around the world to promote interfaith harmony. The report also highlighted systemic issues, including discriminatory school curricula and growing violence against minority communities, who make up about 4 percent of Pakistan's population. The caucus has demanded stronger constitutional protections, better representation, and equal opportunities for minority students and workers.

DESH VIDESH

ਆਸਟ੍ਰੇਲੀਆ ਵਿਚ ਸੋਸ਼ਲ ਮੀਡੀਆ 'ਤੇ ਲੱਗਾ ਬੈਨ!



ਆਸਟ੍ਰੇਲੀਆ ਦੀ ਸੰਚਾਰ ਮੰਤਰੀ ਅਨਿਕਾ ਵੇਲਸ ਨੇ ਬੁੱਧਵਾਰ ਨੂੰ ਸੋਸ਼ਲ ਮੀਡੀਆ ਕੰਪਨੀਆਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਉਹ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਪਾਬੰਦੀਆਂ ਦੀ ਪਾਲਣਾ ਕਰਨ 'ਚ ਅਸਫ਼ਲ ਰਹਿੰਦੀ ਹੈ ਤਾਂ ਉਨ੍ਹਾਂ ਨੂੰ ਲੱਖਾਂ ਡਾਲਰ ਦਾ ਜੁਰਮਾਨਾ ਭਰਨਾ ਪਵੇਗਾ। ਦੱਸਣਯੋਗ ਹੈ ਕਿ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਅਕਾਊਂਟ 'ਤੇ ਪਾਬੰਦੀ ਲਗਾਉਣ ਦਾ ਆਦੇਸ਼ 10 ਦਸੰਬਰ ਤੋਂ ਪ੍ਰਭਾਵੀ ਹੋ ਜਾਵੇਗਾ ਅਤੇ ਇਸ ਤੋਂ ਇਕ ਹਫ਼ਤੇ ਪਹਿਲਾਂ ਆਪਣੇ ਭਾਸ਼ਣ 'ਚ ਵੇਲਜ਼ ਨੇ ਸਵੀਕਾਰ ਕੀਤਾ ਕਿ ਕੁਝ ਬੱਚੇ ਨਵੀਆਂ ਪਾਬੰਦੀਆਂ ਤੋਂ ਬਚਣ ਦਾ ਰਸਤਾ ਲੱਭ ਲੈਣਗੇ। ਇਸ ਮਾਮਲੇ 'ਤੇ ਸਖ਼ਤ ਰੁਖ ਅਪਣਾਉਂਦੇ ਹੋਏ ਉਨ੍ਹਾਂ ਕਿਹਾ ਕਿ ਜੋ ਕੰਪਨੀਆਂ ਪਾਬੰਦੀ ਨੂੰ ਲਾਗੂ ਨਹੀਂ ਕਰਨਗੀਆਂ, ਉਹ ਕਾਨੂੰਨੀ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਨਗੀਆਂ ਅਤੇ ਉਨ੍ਹਾਂ ਨੂੰ 4.95 ਕਰੋੜ ਆਸਟ੍ਰੇਲੀਆਈ ਡਾਲਰ (3.259 ਕਰੋੜ ਅਮਰੀਕੀ ਡਾਲਰ) ਤੱਕ ਦਾ ਜੁਰਮਾਨਾ ਭਰਨਾ ਪਵੇਗਾ। ਵੇਲਜ਼ ਨੇ ਨੈਸ਼ਨਲ ਪ੍ਰੈੱਸ ਕਲੱਬ 'ਚ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਇਹ ਪਹਿਲੇ ਦਿਨ ਤੋਂ ਹੀ ਸਹੀ ਨਹੀਂ ਹੋ ਸਕੇਗਾ। ਪਰ ਅਸੀਂ ਹਾਰ ਨਹੀਂ ਮੰਨਾਂਗੇ ਅਤੇ ਅਸੀਂ ਇਨ੍ਹਾਂ ਮੀਡੀਆ ਪਲੇਟਫਾਰਮਾਂ ਨੂੰ ਛੋਟ ਨਹੀਂ ਦੇਵਾਂਗੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਅਨੁਮਾਨ ਹੈ ਕਿ 8 ਤੋਂ 15 ਸਾਲ ਦੀ ਉਮਰ ਦੇ 86 ਫੀਸਦੀ ਆਸਟ੍ਰੇਲੀਆਈ ਬੱਚੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਵੇਲਜ਼ ਨੇ ਕਿਹਾ ਕਿ ਸਰਕਾਰ ਮੰਨਦੀ ਹੈ ਕਿ ਇਸ ਯੋਜਨਾ ਨੂੰ ਨਿਰਪੱਖ ਅਤੇ ਸਹੀ ਢੰਗ ਨਾਲ ਲਾਗੂ ਕਰਨ 'ਚ ਕਈ ਦਿਨ ਜਾਂ ਹਫ਼ਤੇ ਵੀ ਲੱਗ ਸਕਦੇ ਹਨ।

US Orders H-1B, H-4 Visa Applicants To Make Social Media Profiles Public

The United States has expanded its security vetting for H-1B visa applicants and their H-4 dependents, directing them to keep all social media profiles publicly visible. The State Department announced that starting December 15, officials will review the online presence of every H-1B and H-4 applicant. This scrutiny already applied to students and exchange visitors under F, M and J visas and has now been extended to skilled workers. The department said a US visa is a privilege, not a right, and every adjudication is treated as a national security decision. The new directive is part of a broader immigration clampdown under the Trump administration, which has intensified checks to prevent misuse of the H-1B programme. Indian professionals, one of the largest groups of H-1B holders, are expected to be significantly affected. Additionally, the US has paused Green Card, citizenship and other immigration applications from nationals of 19 "countries of concern" after a recent shooting involving an Afghan immigrant. These applications will remain on hold pending a full review.

ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 5 ਫੀਸਦੀ ਹੇਠ ਲਿਆਉਣ ਦੀ ਤਿਆਰੀ

ਕੈਨੇਡਾ ਦੀ ਫੈਡਰਲ ਸਰਕਾਰ ਨੇ 2026 ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਲਾਗੂ ਸੀਮਾ ਦੇ ਨਵੇਂ ਸੂਬਾਈ ਅੰਕ ਜਾਰੀ ਕਰ ਦਿੱਤੇ ਹਨ। ਇਹ ਸੀਮਾ ਪਹਿਲੀ ਵਾਰ 2024 ਵਿਚ ਲਾਗੂ ਕੀਤੀ ਗਈ ਸੀ, ਜਿਸਦਾ ਮਕਸਦ ਕੈਨੇਡਾ ਦੀ ਅਸਥਾਈ ਆਬਾਦੀ ਵਿੱਚ ਹੋ ਰਹੇ ਤੇਜ਼ ਵਾਧੇ ਨੂੰ ਰੋਕਣਾ ਸੀ। ਫੈਡਰਲ ਸਰਕਾਰ ਦੇ ਅੰਕੜਿਆਂ ਮੁਤਾਬਕ, ਜਨਵਰੀ 2024 ਵਿਚ ਕੈਨੇਡਾ ਵਿਚ ਸਟੱਡੀ ਪਰਮਿਟ ਧਾਰਕਾਂ ਦੀ ਗਿਣਤੀ 10 ਲੱਖ ਤੋਂ ਵੱਧ ਸੀ, ਜੋ ਕਈ ਪਾਬੰਦੀਆਂ ਤੋਂ ਬਾਅਦ ਸਤੰਬਰ 2025 ਤੱਕ ਘਟ ਕੇ ਲਗਭਗ 7.25 ਲੱਖ ਰਹਿ ਗਈ ਹੈ। ਸਰਕਾਰ ਦਾ ਟੀਚਾ ਹੈ ਕਿ 2027 ਦੇ ਅੰਤ ਤੱਕ ਕੈਨੇਡਾ ਦੀ ਕੁੱਲ ਅਸਥਾਈ ਆਬਾਦੀ ਨੂੰ 5 ਫੀਸਦੀ ਤੋਂ ਹੇਠ ਲਿਆਂਦੀ ਜਾਵੇ। 2026 ਲਈ IRCC ਨੇ ਕੁੱਲ 4,08,000 ਸਟੱਡੀ ਪਰਮਿਟ ਜਾਰੀ ਕਰਨ ਦਾ ਟੀਚਾ ਰੱਖਿਆ ਹੈ। ਇਸ ਵਿਚੋਂ 1,55,000 ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਹੋਣਗੇ, ਜਦਕਿ 2,53,000 ਮੌਜੂਦਾ ਜਾਂ ਵਾਪਸੀ ਕਰ ਰਹੇ ਵਿਦਿਆਰਥੀਆਂ ਦੀਆਂ ਐਕਸਟੈਨਸ਼ਨ ਲਈ ਹੋਣਗੇ। ਇਹ ਗਿਣਤੀ 2025 ਦੇ ਟੀਚੇ 4,37,000 ਨਾਲੋਂ 7 ਫੀਸਦੀ ਘੱਟ ਅਤੇ 2024 ਦੇ ਟੀਚੇ 4,85,000 ਨਾਲੋਂ 16 ਫੀਸਦੀ ਘੱਟ ਹੈ। ਇਸ ਦੇ ਨਾਲ ਹੀ ਹੁਣ ਇੱਕ ਵੱਡਾ ਬਦਲਾਅ 1 ਜਨਵਰੀ 2026 ਤੋਂ ਲਾਗੂ ਹੋਵੇਗਾ, ਜਿਸ ਤਹਿਤ ਪਬਲਿਕ ਡੈਜ਼ੀਗਨੇਟਿਡ ਲਰਨਿੰਗ ਇੰਸਟੀਟਿਊਸ਼ਨ ਵਿਚ ਪੜ੍ਹ ਰਹੇ ਮਾਸਟਰਜ਼ ਅਤੇ ਡਾਕਟਰੇਟ ਲੈਵਲ ਦੇ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਲਈ ਹੁਣ ਪੀ.ਏ.ਐਲ. ਜਾਂ ਟੀ.ਏ.ਐਲ. ਜਮ੍ਹਾਂ ਨਹੀਂ ਕਰਵਾਉਣਾ ਪਵੇਗਾ। ਸਰਕਾਰ ਨੇ ਕਿਹਾ ਹੈ ਕਿ ਇਹ ਛੂਟ ਉਨ੍ਹਾਂ ਦੇਸ਼ ਦੀ ਨਵੋਨਮੇਸ਼ ਅਤੇ ਆਰਥਿਕ ਵਿਕਾਸ ਵਿਚ ਵਿਲੱਖਣ ਯੋਗਦਾਨ ਦੇ ਮੱਦੇਨਜ਼ਰ ਦਿੱਤੀ ਜਾ ਰਹੀ ਹੈ। 2026 ਵਿਚ ਪੀ. ਏ. ਐਲ. ਜਾਂ ਟੀ. ਏ. ਐਲ. ਤੋਂ ਛੂਟ ਪ੍ਰਾਪਤ ਕਰਨ ਵਾਲਿਆਂ ਵਿਚ ਮਾਸਟਰਜ਼ ਅਤੇ ਪੀ. ਐਚ. ਡੀ. ਵਿਦਿਆਰਥੀ, ਕਿੰਡਰਗਾਰਟਨ ਤੋਂ 12ਵੀਂ ਕਲਾਸ ਤੱਕ ਦੇ ਵਿਦਿਆਰਥੀ, ਕੁਝ ਸਰਕਾਰੀ ਪ੍ਰਾਥਮਿਕਤਾ ਸਮੂਹ ਅਤੇ ਮੌਜੂਦਾ ਸਟੱਡੀ ਪਰਮਿਟ ਧਾਰਕ ਸ਼ਾਮਲ ਹਨ।

HERITAGE

ਇਟਲੀ 'ਚ ਗੁਰੂਘਰ ਵਿਖੇ ਨਤਮਸਤਕ ਹੋਏ 40 ਇਟਾਲੀਅਨ ਬੱਚੇ

ਇਟਲੀ ਵਿੱਚ ਵੱਖ-ਵੱਖ ਗੁਰਦੁਆਰਾ ਸਾਹਿਬਾਨ ਅਤੇ ਧਾਰਮਿਕ ਸੰਸਥਾਵਾਂ ਹਮੇਸ਼ਾ ਇਸ ਗੱਲ ਲਈ ਤੱਤਪਰ ਰਹਿੰਦੀਆਂ ਹਨ ਕਿ ਇੱਥੋਂ ਦੇ ਇਟਾਲੀਅਨ ਨਾਗਰਿਕਾਂ, ਖ਼ਾਸ ਕਰ ਨੌਜਵਾਨ ਪੀੜ੍ਹੀ ਨੂੰ ਆਪਣੇ ਧਰਮ ਦੇ ਇਤਿਹਾਸ, ਮਰਿਆਦਾਵਾਂ ਅਤੇ ਸਿਧਾਂਤਾਂ ਤੋਂ ਜਾਣੂੰ ਕਰਵਾਇਆ ਜਾ ਸਕੇ। ਇਸੇ ਲੜੀ ਤਹਿਤ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਤੌਰੇ ਦੀ ਪਿਚਨਾਰਦੀ ਕਰੇਮੋਨਾ ਇਟਲੀ ਦੇ ਉਪਰਾਲੇ ਸਦਕਾ ਲਗਾਤਾਰ 5ਵੇਂ ਸਾਲ ਮਿਲਾਨ ਤੋਂ ਸੁਪਰਓਰਏ ਸਕੂਲ ਦੇ 40 ਵਿਦਿਆਰਥੀਆਂ, ਉਨ੍ਹਾਂ ਦੇ ਅਧਿਆਪਕਾਂ ਨੇ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰੀ।

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਹ ਉਪਰਾਲਾ ਪਿਛਲੇ ਤਕਰੀਬਨ 5 ਸਾਲ ਤੋਂ ਕੀਤਾ ਜਾ ਰਿਹਾ ਹੈ, ਜਿਸ ਵਿੱਚ ਮਿਲਾਨ ਸ਼ਹਿਰ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀ ਅਤੇ ਅਧਿਆਪਕ ਹਰ ਸਾਲ ਗੁਰਦੁਆਰਾ ਸਾਹਿਬ ਵਿਖੇ ਆਉਂਦੇ ਹਨ ਅਤੇ ਉਨ੍ਹਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਰਮ ਦੇ ਮਹਾਨ ਇਤਿਹਾਸ, ਮਰਿਆਦਾਵਾਂ ਅਤੇ ਸਿਧਾਂਤਾਂ ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਜੋ ਗਰੁੱਪ ਗੁਰਦੁਆਰਾ ਸਾਹਿਬ ਵਿਖੇ ਆਇਆ, ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਵਾਏ ਗਏ। ਉਪਰੰਤ ਉਨ੍ਹਾਂ ਨੇ ਪੁਰਾਤਨ ਮਰਿਆਦਾ ਅਨੁਸਾਰ ਤੰਤੀ ਸਾਜਾਂ ਨਾਲ ਕੀਤਾ ਜਾ ਰਿਹਾ ਕੀਰਤਨ ਸਰਵਣ ਕੀਤਾ। ਇਸ ਤੋਂ ਬਾਅਦ 10 ਗੁਰੂ ਸਾਹਿਬਾਨ ਦੇ ਇਤਿਹਾਸ ਦਾ ਵਰਣਨ ਸੰਖੇਪ ਵਿੱਚ ਕੀਤਾ ਗਿਆ। ਇਸ ਤੋਂ ਇਲਾਵਾ ਕਲਗੀਧਰ ਗਤਕਾ ਅਖਾੜਾ ਵੱਲੋਂ ਉਨ੍ਹਾਂ ਨੂੰ ਗਤਕੇ ਦੇ ਜੌਹਰ ਦਿਖਾਏ ਗਏ। ਇਸ ਕਲਾ ਤੋਂ ਪ੍ਰਭਾਵਿਤ ਵਿਦਿਆਰਥੀਆਂ ਨੇ ਵੀ ਗੱਤਕਾ ਖੇਡਿਆ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਬਖਸ਼ਿਸ਼ ਕੀਤੀ ਸ਼ਸਤਰ ਵਿੱਦਿਆ ਸਿੱਖ ਮਾਰਸ਼ਲ ਆਰਟ ਗਤਕੇ ਬਾਰੇ ਵੀ ਇਟਾਲੀਅਨ ਭਾਸ਼ਾ ਵਿੱਚ ਬੱਚਿਆਂ ਨੂੰ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਵੀ ਦਿੱਤੇ ਗਏ। ਪ੍ਰਬੰਧਕ ਕਮੇਟੀ ਵੱਲੋਂ ਕਿਹਾ ਗਿਆ ਕਿ ਜਿੱਥੇ ਯੂਰਪ ਵਿੱਚ ਆਪਣੇ ਧਾਰਮਿਕ ਸਥਾਨ ਸਥਾਪਿਤ ਕੀਤੇ ਹਨ ਅਤੇ ਆਪਣੇ ਧਾਰਮਿਕ ਅਕੀਦੇ ਅਨੁਸਾਰ ਸਾਰੇ ਗੁਰਪੁਰਬ ਅਤੇ ਦਿਹਾੜੇ ਮਨਾਏ ਜਾਂਦੇ ਹਨ, ਉੱਥੇ ਹੀ ਉਨ੍ਹਾਂ ਨੂੰ ਇਟਾਲੀਅਨ ਸਮੇਤ ਹੋਰ ਦੇਸ਼ਾਂ ਦੇ ਨਾਗਰਿਕਾਂ ਨੂੰ ਖਾਸਕਰ ਨੌਜਵਾਨ ਪੀੜੀ ਨੂੰ ਮਹਾਨ ਇਤਿਹਾਸ ਤੇ ਧਰਮ ਬਾਰੇ ਦੱਸਣ ਦੀ ਅਹਿਮ ਜ਼ਰੂਰਤ ਹੈ, ਜੋ ਕਿ ਸਮਾਜਿਕ ਅਤੇ ਭਾਈਚਾਰਕ ਸਾਂਝ ਨੂੰ ਵਧਾਉਂਦੀ ਹੈ।

Moga Village Hosts Unique 31-Hour 'Vehle Rehan Da Muqabla' to Curb Mobile Addiction

In Gholia Khurd village of Moga district, locals organised a rare 31-hour sitting challenge aimed at tackling rising mobile addiction among youth. Named "Vehle Rehna Da Muqabla," the contest required participants to sit silently without phones, talking, standing or engaging in any activity. The idea behind the event came from growing concern that young people were losing focus, patience and real-life social connection due to excessive screen time. Villagers wanted to create an experience that tested mental discipline, encouraged self-control and reminded youth of the value of stillness, conversation-free time and inner calm. Out of 55 contestants, Satveer Singh and Lavpreet Singh completed the full 31 hours and were declared joint winners, while Channan Singh secured third place. The winners received bicycles, cash and desi ghee as encouragement for embracing the challenge.

◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **The younger Sahibzadas, Baba Zorawar Singh and Baba Fateh Singh, showed their extraordinary courage at which fort where they were imprisoned?**

A. Agra Fort B. Sirhind Fort
C. Gwalior Fort D. Anandpur Fort

2. **How old were the younger Sahibzadas when they were martyred in Sirhind?**

A. 15 and 17 B. 13 and 16
C. 9 and 7 D. 18 and 14

3. **Mata Gujri Ji and the younger Sahibzadas were betrayed and captured at which place?**

A. Chamkaur B. Machhiwara
C. Morinda (Kumkum Kot) D. Patiala

4. **The eldest Sahibzada, Baba Ajit Singh, attained martyrdom in which famous battle?**

A. Battle of Sirhind B. Battle of Chamkaur
C. Battle of Amritsar D. Battle of Anandpur

(ਦੇਖੋ ਉੱਤਰ ਪੰਨਾ 4 'ਤੇ)

A Souvenir That Illuminates the Legacy of Guru Tegh Bahadur Ji

This souvenir does something rare. It isn't just a compilation of articles. It feels like a carefully built bridge between history, spirituality, and living Sikh values.

What stands out first is the clarity of purpose. The entire publication revolves around Guru Tegh Bahadur Sahib's 350th Martyrdom Anniversary, but it avoids the usual ceremonial tone. The editors focus on understanding, not just remembering. Each article tries to pull the reader into the Guru's world — his travels, his teachings, the political reality of the era — and then connects those insights to the present day. That gives the souvenir a sense of depth rather than nostalgia. Some articles in this book are based on the research of Dr. Harjinder Singh Dilgeer, and the contribution of his scholarship strengthens the historical foundation of this work. We are thankful for his contributions.

The sections explaining the Guru's bani, the misconceptions around "tapasya in the bhora," and the detailed historical notes on his journeys across North and East India are particularly strong. They break myths without sounding confrontational, and they make the historical narrative accessible to a wide audience. The write-ups on the rescue of the Guru's sacred head and the role of Bhai Jaita add emotional weight and remind the reader of the sheer courage behind those events.

The souvenir also highlights modern community initiatives like Anmol Akhar, Gurmukhi competitions, Maa Boli events, and youth celebrations. These pieces show that the editors are not only curating history but nurturing the present — keeping Gurmukhi, Punjabi, and Sikh values active and alive. The design and sequencing have a calm rhythm. Punjabi, English, and Hindi find space without competing with one another. It reads like a collective effort where scholars, community members, and volunteers each bring their voice to the table. If there is one thing the souvenir achieves fully, it is this: it helps the reader feel the relevance of Guru Tegh Bahadur Sahib's message today. The idea of "Frighten None, Fear Not" is quietly woven through the book — not as a slogan, but as a way of living.

Overall, this souvenir is a sincere and thoughtful offering. It honors history, corrects misconceptions, encourages study, and invites the reader to reflect. That combination makes it genuinely valuable for students, scholars, and anyone who wants to understand the Guru's legacy with a clear mind and an open heart.

- Amrit Kaur, M.A., B.Ed.

SIKH MATRIMONIALS

Gursikh match for girl 28/5'2"/ MBBS/Internal Medicine Resident in NY,US/Amritdhari/Vegetarian/ Brother Engineer also in US/Contact +918872150688

Gursikh Girl 32/5'4"/ MA Psychology Punjab University. Stays in Chandigarh/Father Retd as Additional Director from GOI. CONTACT +91 8360626857

Gursikh Boy 32/5'7"/ BTech/Post Graduate from Niagara College/ Working as Engineer in Windsor, Canada. Contact father +91-9417177476

Looking for a Gursikh boy for Khatri girl F-91--5-3" working in NYPD as Attorney. Well qualified and settled gursikh boy from USA or Canada preferred +91 8750888333

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. C 3. C 4. B

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)

email: canadasikhtimes@gmail.com, M: +1 437 673 7555